**ਪ੍ਰਧਾਨ ਮੰਤਰੀ ਨੇ ਕੁਵੈਤ ਵਿੱਚ ਲੇਬਰ ਕੈਂਪ ਦਾ ਦੌਰਾ ਕੀਤਾ**

21 ਦਸੰਬਰ, 2024

ਕੁਵੈਤ ਦੇ ਆਪਣੇ ਦੌਰੇ ਦੇ ਪਹਿਲੇ ਕਾਰਜਕ੍ਰਮ ਦੇ ਤੌਰ 'ਤੇ, ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਕੁਵੈਤ ਦੇ ਮੀਨਾ ਅਬਦੁੱਲਾ ਖੇਤਰ ਵਿੱਚ ਇੱਕ ਲੇਬਰ ਕੈਂਪ ਦਾ ਦੌਰਾ ਕੀਤਾ, ਜਿੱਥੇ 1500 ਦੇ ਲਗਭਗ ਭਾਰਤੀ ਨਾਗਰਿਕ ਕੰਮ ਕਰਦੇ ਸਨ। ਪ੍ਰਧਾਨ ਮੰਤਰੀ ਨੇ ਭਾਰਤ ਦੇ ਵੱਖੋ-ਵੱਖਰੇ ਰਾਜਾਂ ਤੋਂ ਆਏ ਭਾਰਤੀ ਕਰਮਚਾਰੀਆਂ ਦੇ ਇੱਕ ਵਿਆਪਕ ਸਮੂਹ ਨਾਲ ਗੱਲਬਾਤ ਕੀਤੀ ਅਤੇ ਉਹਨਾਂ ਦਾ ਹਾਲ-ਚਾਲ ਪੁੱਛਿਆ।

2. ਲੇਬਰ ਕੈਂਪ ਦਾ ਇਹ ਦੌਰਾ ਪ੍ਰਧਾਨ ਮੰਤਰੀ ਦੁਆਰਾ ਵਿਦੇਸ਼ਾਂ ਵਿੱਚ ਭਾਰਤੀ ਕਰਮਚਾਰੀਆਂ ਦੀ ਭਲਾਈ ਨੂੰ ਦਿੱਤੀ ਗਈ ਮਹੱਤਤਾ ਨੂੰ ਦਰਸਾਉਂਦਾ ਹੈ। ਪਿਛਲੇ ਕੁਝ ਸਾਲਾਂ ਵਿੱਚ, ਸਰਕਾਰ ਨੇ ਵਿਦੇਸ਼ਾਂ ਵਿੱਚ ਭਾਰਤੀ ਕਰਮਚਾਰੀਆਂ ਦੀ ਭਲਾਈ ਲਈ ਈ-ਮਾਇਗ੍ਰੇਟ ਪੋਰਟਲ, ਮਦਦ (MADAD) ਪੋਰਟਲ ਅਤੇ ਪ੍ਰਵਾਸੀ ਭਾਰਤੀ ਬੀਮਾ ਯੋਜਨਾ ਨੂੰ ਉਨੱਤ ਕਰਨ ਵਰਗੀਆਂ ਕਈ ਤਕਨਾਲੋਜੀ-ਅਧਾਰਿਤ ਪਹਿਲਕਦਮੀਆਂ ਕੀਤੀਆਂ ਹਨ।

ਕੁਵੈਤ ਸਿਟੀ

21 ਦਸੰਬਰ, 2024